# ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

ਦਫਤਰੀ ਹੁੱਕਮ ਨੰ: 90 /ਡੀ.ਐਸ.ਆਈ-162 ਮਿਤੀ 7-12-12

ਜਿਵੇਂ ਕਿ ਸ੍ਰੀ ਪ੍ਰਕਾਸ਼ ਚੰਦਰ ਹੇਠਲੀ ਸ੍ਰੇਣੀ ਕਲਰਕ ਜੋ ਕਿ ਨਿਗਰਾਨ ਇੰਜ./ਸੰਚਾਲਣ ਹਲਕਾ ਸੰਗਰੂਰ ਵਿਖੇ ਤੈਨਾਤ ਸੀ ਅਤੇ ਪ੍ਰੀਖਿਆ ਸੈਸ਼ਨ 6/12 ਵਿੱਚ ਮਨੀਸਟਰੀਅਲ ਅਮਲੇ ਦੀ ਵਿਭਾਗੀ ਲੇਖਾ ਪ੍ਰੀਖਿਆ ਦੇਂਦੇ ਸਮੇਂ ਅਣਉਚਿਤ ਸਾਧਨਾਂ ਦੀ ਵਰਤੋਂ ਕਰਨ ਕਾਰਨ ਅਣਗਹਿਲੀਆਂ/ਕੁਤਾਹੀਆਂ ਲਈ ਉਸ ਨੂੰ ਇਸ ਦਫਤਰ ਵਲੋਂ ਕਾਰਨ ਦੱਸੋ ਨੋਟਿਸ ਨੰ:8 ਮਿਤੀ 5.7.12 ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਗਿਆ ਸੀ ।

ਜਿਵੇਂ ਕਿ ਸ੍ਰੀ ਪ੍ਰਕਾਸ਼ ਚੰਦਰ ਹੇਠਲੀ ਸ੍ਰੇਣੀ ਕਲਰਕ ਵਲੋਂ ਉਸ ਨੂੰ ਜਾਰੀ ਕਾਰਨ ਦੱਸੋ ਨੋਟਿਸ ਦਾ ਦਿੱਤਾ ਗਿਆ ਜਵਾਬ ਅਤੇ ਉਸ ਵਲੋਂ ਦਿੱਤੇ ਜਵਾਬ ਉਤੇ ਸਬੰਧਤ ਉਚ ਅਧਿਕਾਰੀਆਂ ਦੀਆਂ ਟਿੱਪਣੀਆਂ ਪ੍ਰਾਪਤ ਹੋਣ ਉਪਰੰਤ ਕੇਸ ਸਾਂਝੀ ਕਾਰਵਾਈ ਲਈ ਸਮਰੱਥ ਅਧਿਕਾਰੀ ਪ੍ਰਮੁੱਖ ਇੰਜ/ਐਚ.ਆਰ.ਡੀ ਪੀ.ਐਸ.ਪੀ.ਸੀ.ਐਲ ਪਟਿਆਲਾ ਜੀ ਨੂੰ ਪੇਸ਼ ਕੀਤਾ ਗਿਆ।

ਜਿਵੇਂ ਕਿ ਸ੍ਰੀ ਪ੍ਰਕਾਸ਼ ਚੰਦਰ ਹੇਠਲੀ ਸ੍ਰੇਣੀ ਕਲਰਕ ਵਲੋ ਉਸ ਨੂੰ ਜਾਰੀ ਕਾਰਨ ਦੱਸੋ ਨੋਟਿਸ ਦਾ ਦਿੱਤਾ ਗਿਆ ਜਵਾਬ ਉਚ ਅਧਿਕਾਰੀਆਂ ਦੀਆਂ ਟਿੱਪਣੀਆਂ ਅਤੇ ਕੇਸ ਦੇ ਸਾਰੇ ਤੱਥਾਂ ਨੂੰ ਵਿਚਾਰਨ ਉਪਰੰਤ ਪ੍ਰਮੁੱਖ ਇੰਜ/ਐਚ.ਆਰ.ਡੀ.ਵਲੋਂ ਸ੍ਰੀ ਪ੍ਰਕਾਸ਼ ਚੰਦਰ ਹੇਠਲੀ ਸ੍ਰੇਣੀ ਕਲਰਕ ਦੀ ਇੱਕ ਸਲਾਨਾ ਤਰੱਕੀ ਬਿਨਾਂ ਭਵਿੱਖੀ ਅਸਰ ਬੰਦ ਕਰਨ ਦੇ (ਇਹ ਸਜ਼ਾ 2 ਸਾਲਾਂ ਲਈ ਪ੍ਰੀਖਿਆ ਦੇਣ ਤੋ ਡੀ-ਬਾਰ ਕਰਨ ਦੀ ਦਿੱਤੀ ਗਈ ਸਜ਼ਾ ਤੋਂ ਇਲਾਵਾ ਹੋਵੇਗੀ) ਆਦੇਸ਼ ਦਿੱਤੇ ਹਨ।

ਇਸ ਲਈ ਇਸ ਦਫਤਰੀ ਹੁੱਕਮ ਰਾਹੀਂ ਸਮਰੱਥ ਅਧਿਕਾਰੀ ਵਲੋਂ ਕੀਤੇ ਗਏ ਫੈਸਲੇ ਦੀ ਪਾਲਣਾ ਕਰਦੇ ਹੋਏ ਸ੍ਰੀ ਪ੍ਰਕਾਸ਼ ਚੰਦਰ ਹੇਠਲੀ ਸ੍ਰੇਣੀ ਕਲਰਕ ਦੀ ਇੱਕ ਸਲਾਨਾ ਤਰੱਕੀ ਬਿਨਾਂ ਭਵਿੱਖੀ ਅਸਰ ਬੰਦ ਕਰਨ ਦੇ (ਇਹ ਸਜ਼ਾ 2 ਸਾਲਾਂ ਲਈ ਪ੍ਰੀਖਿਆ ਦੇਣ ਤੋ ਡੀ-ਬਾਰ ਕਰਨ ਦੀ ਕੀਤੀ ਗਈ ਸਜ਼ਾ ਤੋਂ ਇਲਾਵਾ ਹੋਵੇਗੀ) ਹੁੱਕਮ ਜਾਰੀ ਕੀਤੇ ਜਾਂਦੇ ਹਨ।

ਇਹ ਹੁੱਕਮ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਉਪ ਸਕੱਤਰ/ਇੰਨਕੁਆਰੀ,
ਪੰ:ਰਾ:ਪਾ:ਕਾ:ਲਿਮ.ਪਟਿਆਲਾ।

ਪਿਠ ਅੰਕਣ ਨੰ:1472/77 /ਡੀ.ਐਸ.ਆਈ/ਡੀ-162 ਮਿਤੀ 07.12.2012

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਪ੍ਰਮੁੱਖ ਇੰਜੀਨੀਅਰ/ਐਚ.ਆਰ.ਡੀ. ਪੀ.ਐਸ.ਪੀ.ਸੀ.ਐਲ,ਪਟਿਆਲਾ।
2) ਮੁੱਖ ਇੰਜ/ਸੰਚਾਲਣ ਦੱਖਣ ਪੀ.ਐਸ.ਪੀ.ਸੀ.ਐਲ, ਪਟਿਆਲਾ।
3) ਨਿਗਰਾਨ ਇੰਜ./ਸੰਚਾਲਣ ਹਲਕਾ ਸੰਗਰੂਰ
4) ਸੰਯੁਕਤ ਸਕੱਤਰ/ਸੇਵਾਵਾਂ-3 ਪੀ.ਐਸ.ਪੀ.ਸੀ.ਐਲ,ਪਟਿਆਲਾ।
5) ਸੁਪਰਡੈਂਟ ਪ੍ਰੀਖਿਆ ਸ਼ਾਖਾ ਪੀ.ਐਸ.ਪੀ.ਸੀ.ਐਲ, ਪਟਿਆਲਾ।
6) ਸ੍ਰੀ ਪ੍ਰਕਾਸ਼ ਚੰਦਰ ਹੇ:ਸ੍ਰੇ ਨਿਗਰਾਨ ਇੰਜ./ਸੰਚਾਲਣ ਹਲਕਾ ਸੰਗਰੂਰ।

ਉਪ ਸਕੱਤਰ/ਇੰਨਕੁਆਰੀ,
ਪੰ:ਰਾ:ਪਾ:ਕਾ:ਲਿਮ.ਪਟਿਆਲਾ।